# ਏ. ਐੱਸ. ਕਾਲਜ ਨੂੰ ਸਪੋਕਨ ਟੂਟੋਰੀਅਲ ਪ੍ਰਾਜੈਕਟ ਲਈ ਰਿਸੋਰਸ ਸੈਂਟਰ ਵੱਜੋਂ ਚੁਣਿਆ

ਖੰਨਾ, 23 ਸਤੰਬਰ (ਕਮਲ, ਸੁਖਵਿੰਦਰ ਕੌਰ)-ਏ. ਐੱਸ. ਕਾਲਜ ਖੰਨਾ ਨੂੰ ਆਈ. ਆਈ. ਟੀ. ਬਾਂਬੇ ਵੱਲੋਂ ਸਪੋਕਨ ਟੂਟੋਰੀਅਲ ਪ੍ਰਾਜੈਕਟ ਲਈ ਰਿਸੋਰਸ ਸੈਂਟਰ ਵੱਜੋਂ ਚੁਣਿਆ ਗਿਆ ਹੈ। ਇਹ ਪ੍ਰੋਗਰਾਮ ਐੱਮ. ਐੱਚ. ਆਰ. ਡੀ. ਦੇ ਮਿਸ਼ਨ ਐੱਨ. ਐੱਮ. ਈ. ਆਈ. ਸੀ. ਟੀ. ਦਾ ਹਿੱਸਾ ਹੈ। ਇਸ ਵਿਚ ਆਰਟਸ, ਕਾਮਰਸ ਅਤੇ ਸਾਇੰਸ ਦੇ ਵਿਦਿਆਰਥੀ ਵੀ ਹਿੱਸਾ ਲੈ ਸਕਦੇ ਹਨ। ਇਨ੍ਹਾਂ ਵਰਕਸ਼ਾਪਾਂ ਲਈ ਕੋਈ ਫੀਸ ਨਹੀ ਲਈ ਜਾਂਦੀ। ਸਫਲਤਾਪੂਰਵਕ ਵਰਕਸ਼ਾਪ ਲਗਾਉਣ ਤੋਂ ਬਾਅਦ ਸਰਟੀਫਿਕੇਟ ਵੀ ਦਿੱਤੇ ਜਾਂਦੇ ਹਨ।

ਕਾਲਜ ਦੇ ਟੀਚਿੰਗ ਏਡਜ਼ ਸੈੱਲ ਦੇ ਯਤਨਾਂ ਸਦਕਾਂ ਇਨ੍ਹਾਂ ਵਰਕਸ਼ਾਪਾਂ ਨੂੰ ਸ਼ੁਰੂ ਕੀਤਾ ਗਿਆ ਹੈ। ਡਾ. ਚਰਨ ਕੁਮਾਰ ਨੇ ਦੱਸਿਆ ਕਿ ਇਹ ਹੈਡਸ ਆਨ ਟ੍ਰੇਨਿੰਗ ਹੈ। ਇਸ ਪ੍ਰੋਗਰਾਮ ਤਹਿਤ ਬੀ. ਐੱਸ. ਸੀ. ਦੇ ਵਿਦਿਆਰਥੀਆਂ ਨੇ ਐਨੀਮੇਸ਼ਨਜ਼ ਤਿਆਰ ਕੀਤੀਆਂ ਹਨ।

ਪ੍ਰੋ. ਰਵਿੰਦਰਜੀਤ ਸਿੰਘ ਨੂੰ ਇਸ ਪ੍ਰੋਗਰਾਮ ਦਾ ਕੋਆਰਡੀਨੇਟਰ ਬਣਾਇਆ ਗਿਆ ਹੈ। ਵਧੇਰੇ ਜਾਣਕਾਰੀ ਲਈ ਪੰਜਾਬ ਖੇਤਰ ਦੇ ਟ੍ਰੇਨਿੰਗ ਮੈਨੇਜਰ ਡਾ. ਪੂਜਾ ਸਿੰਘ, ਆਈ. ਆਈ. ਟੀ. ਬਾਂਬੇ ਨਾਲ ਮੋਬਾਇਲ ਨੰਬਰ 8600408189 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੰਪਿਊਟਰ ਵਿਭਾਗ ਦੇ ਡਾ. ਵਿਵੇਕ ਭਾਂਬਰੀ ਅਤੇ ਪ੍ਰੋ. ਰਾਜੀਵ ਸ਼ਰਮਾ ਨੂੰ ਕੰਪਿਊਟਰ ਲੈਬ ਅਤੇ ਭਾਸ਼ਾ ਲੈਬ ਵਿਚ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੇ ਹਨ। ਪ੍ਰਿੰ. ਡਾ. ਆਰ. ਐੱਸ. ਝਾਂਜੀ ਨੇ ਆਈ. ਆਈ. ਟੀ. ਬਾਂਬੇ ਦਾ ਅਤੇ ਐੱਮ. ਐੱਚ. ਆਰ. ਡੀ. ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿਚ ਅਜਿਹੀਆਂ ਹੋਰ ਵੀ ਕਈ ਵਕਰਸ਼ਾਪਾਂ ਲਗਾਇਆ ਜਾਣਗੀਆਂ।

Jag Bani Date: 24.09.2015

Publication Regarding spoken Tutorial Project.

## ਏ. ਐਸ. ਕਾਲਜ ਖੰਨਾ ਨੂੰ ਮੁੰਬਈ ਆਈ. ਟੀ. ਆਈ. ਵੱਲੋਂ ਸੈਂਟਰ ਬਣਾਇਆ

ਖੰਨਾ, 23 ਸਤੰਬਰ (ਹਰਜਿੰਦਰ ਸਿੰਘ ਲਾਲ)-ਖੰਨਾ ਦੇ ਏ. ਐਸ. ਕਾਲਜ ਨੂੰ ਆਈ. ਆਈ. ਟੀ. ਮੁੰਬਈ ਵੱਲੋਂ ਸਪੋਕਨ ਟੂਟੋਰੀਅਲ ਪ੍ਰਾਜੈਕਟ ਲਈ ਰਿਸੋਰਸ ਸੈਂਟਰ ਵਜੋਂ ਚੁਣਿਆ ਗਿਆ ਹੈ। ਇਹ ਪ੍ਰੋਗਰਾਮ ਐਮ. ਐਚ. ਆਰ. ਡੀ. ਦੇ ਮਿਸ਼ਨ ਐਨ. ਐਮ. ਈ. ਆਈ. ਸੀ. ਟੀ. ਦਾ ਹਿੱਸਾ ਹੈ। ਇਸ ਵਿਚ ਆਰਟਸ, ਕਾਮਰਸ ਅਤੇ ਸਾਇੰਸ ਦੇ ਵਿਦਿਆਰਥੀ ਵੀ ਹਿੱਸਾ ਲੈ ਸਕਦੇ ਹਨ। ਇਨ੍ਹਾਂ ਵਰਕਸ਼ਾਪਾਂ ਲਈ ਕੋਈ ਫੀਸ ਨਹੀਂ ਲਈ ਜਾਂਦੀ। ਸਫ਼ਲਤਾਪੂਰਕ ਵਰਕਸ਼ਾਪ ਲੱਗਣ ਤੋਂ ਬਾਅਦ ਸਰਟੀਫਿਕੇਟ ਵੀ ਦਿੱਤੇ ਜਾਂਦੇ ਹਨ। ਕਾਲਜ ਦੇ ਟੀਚਿੰਗ ਏਡਜ਼ ਸੈਲ ਦੇ ਯਤਨਾਂ ਸਦਕਾ ਇਨ੍ਹਾਂ ਵਰਕਸ਼ਾਪਸ ਨੂੰ ਸ਼ੁਰੂ ਕੀਤਾ ਗਿਆ ਹੈ। ਡਾ: ਚਰਨ ਕੁਮਾਰ ਨੇ ਦੱਸਿਆ ਕਿ ਇਹ ਹੈਂਡਸ ਆਨ ਟ੍ਰੇਨਿੰਗ ਹੈ। ਪ੍ਰੋਗਰਾਮ ਤਹਿਤ ਬੀ. ਐਸ. ਸੀ. ਦੇ ਵਿਦਿਆਰਥੀਆਂ ਨੇ ਐਨੀਮੇਸ਼ਨਜ਼ ਤਿਆਰ ਕੀਤੀਆਂ ਹਨ, ਜਿਨ੍ਹਾਂ ਲਈ ਬਲੈਂਡਰ ਸਾਫ਼ਟਵੇਅਰ ਵਰਤਿਆ ਗਿਆ। ਪ੍ਰੋ: ਰਵਿੰਦਰਜੀਤ ਸਿੰਘ ਨੂੰ ਇਸ ਪ੍ਰੋਗਰਾਮ ਦਾ ਕੋ. ਆਰਡੀਨੇਟਰ ਬਣਾਇਆ ਗਿਆ ਹੈ। ਪ੍ਰਿੰ: ਡਾ: ਆਰ. ਐਸ. ਝਾਂਜੀ ਨੇ ਆਈ. ਆਈ.ਟੀ. ਮੁੰਬਈ ਅਤੇ ਐਮ. ਐਚ. ਆਰ. ਡੀ. ਦਾ ਧੰਨਵਾਦ ਕੀਤਾ ਹੈ।

Ajit
Date:- 24.09.2015